ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

(ਸਿੱਖਿਆ ਸੈੱਲ)

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਵਿਸ਼ੇਸ਼ ਕਾਰਜ ਅਫ਼ਸਰ (ਲੀਗਲ) ਦੀ ਇੱਕ ਅਸਾਮੀ ਭਰੀ ਜਾਣੀ ਹੈ। ਇਸ ਅਸਾਮੀ ਲਈ ਪੰਜਾਬ ਸਟੇਟ ਲੀਗਲ ਸਰਵਿਸ ਦੇ ਮੈਂਬਰਾਂ, ਜ਼ਿਲ੍ਹਾ ਅਟਾਰਨੀਜ਼, ਜਿਨ੍ਹਾਂ ਨੂੰ ਸੇਵਾ ਨਿਯਮਾਂ ਅਤੇ ਸਰਵਿਸ ਮੈਟਰਜ਼ ਦਾ ਲੰਮੇਰਾ ਤਜ਼ਰਬਾ ਹੋਵੇ, ਆਈ.ਏ.ਐਸ. (ਰਿਟਾ.) (ਲਾਅ ਗਰੈਜੂਏਟ), ਪੀ.ਸੀ.ਐਸ. (ਕਾਰਜਕਾਰੀ) (ਰਿਟਾ.) (ਲਾਅ ਗਰੈਜੂਏਟ); ਪੀ.ਸੀ.ਐਸ. (ਜੂਡੀਸ਼ੀਅਲ) (ਰਿਟਾ.), ਜ਼ਿਲ੍ਹਾ/ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ (ਰਿਟਾ.), ਜਿਨ੍ਹਾਂ ਨੂੰ ਕਾਨੂੰਨੀ ਮਾਮਲਿਆਂ ਨੂੰ ਨਜਿੱਠਣ ਦਾ ਤਜ਼ਰਬਾ ਹੋਵੇ ਅਤੇ ਜਿੰਨ੍ਹਾਂ ਦੀ ਉਮਰ ਅਰਜ਼ੀਆਂ ਪ੍ਰਾਪਤ ਹੋਣ ਦੀ ਮਿਤੀ ਤੱਕ 62 ਤੋਂ ਜ਼ਿਆਦਾ ਨਾ ਹੋਵੇ, ਵਿਚੋਂ ਚੋਣ ਰਾਹੀਂ ਆਰਜ਼ੀ ਤੌਰ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਅਸਾਮੀ ਤੇ ਨਿਯੁਕਤ ਅਧਿਕਾਰੀ ਨੂੰ 60,000/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ। ਇਸ ਅਸਾਮੀ ਤੇ ਕੰਮ ਕਰਨ ਲਈ ਚਾਹਵਾਨ ਉਮੀਦਵਾਰ ਆਪਣੀਆਂ ਅਰਜ਼ੀਆਂ ਸਮੇਤ ਲੋੜੀਂਦੇ ਦਸਤਾਵੇਜ ਮਿਤੀ 30-10-2023 ਨੂੰ ਸ਼ਾਮ 4:00 ਵਜੇ ਤੱਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਪੰਜਾਬ ਕਮਰਾ ਨੰ: 719, 7ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਨੂੰ ਭੇਜ ਸਕਦੇ ਹਨ। ਇਸ ਅਸਾਮੀ ਨਾਲ ਸਬੰਧਤ ਪ੍ਰੋਫਾਰਮਾ ਹੇਠ ਅਨੁਸਾਰ ਹੈ:-

<u>ਪ੍ਰੋਫਾਰਮਾ</u>

1. ਉਮੀਦਵਾਰ ਦਾ ਨਾਂ
2. ਪਿਤਾ ਦਾ ਨਾਂ
3. ਜਨਮ ਮਿਤੀ
4. ਸਰਕਾਰੀ ਸੇਵਾ ਵਿਚੋਂ ਸੇਵਾ ਨਵਿਰਤੀ ਦੀ ਮਿਤੀ
5. ਦਫ਼ਤਰ/ਜ਼ਿਲ੍ਹੇ ਦਾ ਨਾਂ ਜਿਥੋਂ ਸੇਵਾ ਨਵਿਰਤੀ ਹੋਈ ਹੈ
6. ਘਰ ਦਾ ਪੱਕਾ ਪਤਾ
7. ਵਿਦਿਅਕ ਯੋਗਤਾ
8. ਤਜਰਬਾ

-ਸਹੀ-

ਅਧੀਨ ਸਕੱਤਰ, ਉਚੇਰੀ ਸਿੱਖਿਆ

Scanned with OKEN Scanner